# Prime Minister addresses 17th ASEAN India Summit

November 12, 2020

## ਪ੍ਰਧਾਨ ਮੰਤਰੀ ਨੇ ਕੀਤਾ 17ਵੇਂ ਆਸੀਆਨ ਭਾਰਤ ਸਿਖਰ ਸੰਮੇਲਨ ਨੂੰ ਸੰਬੋਧਿਤ

12 ਨਵੰਬਰ, 2020

ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਨੇ ਵਿਅਤਨਾਮ ਦੇ ਪ੍ਰਧਾਨ ਮੰਤਰੀ ਅਤੇ ਆਸੀਆਨ ਦੇ ਮੌਜੂਦਾ ਪ੍ਰਧਾਨ ਮਹਾਮਹਿਮ ਗੁਏਨ ਸੁਆਨ ਫੁਕ ਦੇ ਸੱਦੇ 'ਤੇ 17ਵੇਂ ਆਸੀਆਨ-ਭਾਰਤ ਸਿਖਰ ਸੰਮੇਲਨ ਵਿਚ ਹਿੱਸਾ ਲਿਆ। ਇਹ ਸਿਖਰ ਸੰਮੇਲਨ, ਜਿਸ ਵਿੱਚ ਆਸ਼ੀਅਨ ਦੇ ਸਾਰੇ ਦਸ ਮੈਂਬਰ ਦੇਸ਼ਾਂ ਨੇ ਹਿੱਸਾ ਲਿਆ, ਵਰਚੁਅਲ ਮਾਧਿਅਮ ਰਾਹੀਂ ਆਯੋਜਿਤ ਕੀਤਾ ਗਿਆ।

ਸਿਖਰ ਸੰਮੇਲਨ ਨੂੰ ਸੰਬੋਧਤ ਕਰਦੇ ਹੋਏ ਪ੍ਰਧਾਨ ਮੰਤਰੀ ਨੇ ਭਾਰਤ ਦੀ "ਐਕਟ ਈਸਟ" ਵਿੱਚ ਆਸੀਆਨ ਦੀ ਕੇਂਦਰੀ ਮਹੱਤਤਾ 'ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਕਿਹਾ ਕਿ ਭਾਰਤ ਦੇ ਭਾਰਤ-ਪ੍ਰਸ਼ਾਂਤ ਨਜ਼ਰੀਏ ਵਿੱਚ ਇੱਕਜੁਟ, ਕਾਰਜਸ਼ੀਲ ਅਤੇ ਖੁਸ਼ਹਾਲ ਆਸੀਆਨ ਦਾ ਕੇਂਦਰੀ ਮਹੱਤਵ ਹੈ ਅਤੇ ਇਹ ਇਸ ਖੇਤਰ ਵਿੱਚ ਸਭਨਾਂ ਦੀ ਸੁਰੱਖਿਆ ਅਤੇ ਵਿਕਾਸ (SAGAR) ਵਿੱਚ ਯੋਗਦਾਨ ਪਾਉਂਦਾ ਹੈ)। ਪ੍ਰਧਾਨ ਮੰਤਰੀ ਨੇ ਆਜ਼ਾਦ, ਖੁੱਲਾ, ਸਮਾਵੇਸ਼ੀ ਅਤੇ ਨਿਯਮ-ਅਧਾਰਤ ਹਿੰਦ-ਪ੍ਰਸ਼ਾਂਤ ਖੇਤਰ ਯਕੀਨੀ ਬਣਾਉਣ ਲਈ ਭਾਰਤ ਦੀ ਭਾਰਤ-ਪ੍ਰਸ਼ਾਂਤ ਸਮੁੰਦਰੀ ਪਹਿਲ ਅਤੇ ਭਾਰਤ -ਪ੍ਰਸ਼ਾਂਤ ਬਾਰੇ ਆਸੀਆਨ ਦੇ ਨਜ਼ਰੀਏ ਦਰਮਿਆਨ ਮਿਲਵਰਤਨ ਮਜ਼ਬੂਤ ਕਰਨ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਆਸੀਆਨ ਦੇਸ਼ਾਂ ਨੂੰ ਭਾਰਤ ਦੀ ਭਾਰਤ-ਪ੍ਰਸ਼ਾਂਤ ਸਮੁੰਦਰੀ ਪਹਿਲ (IPOI) ਦੇ ਵੱਖ ਵੱਖ ਥੰਮ੍ਹਾਂ 'ਤੇ ਸਹਿਯੋਗ ਕਰਨ ਦਾ ਸੱਦਾ ਦਿੱਤਾ।

COVID -19 ਬਾਰੇ ਪ੍ਰਧਾਨ ਮੰਤਰੀ ਨੇ ਭਾਰਤ ਦੇ ਪ੍ਰਤੀਕਰਮ ਅਤੇ ਕੌਮਾਂਤਰੀ ਭਾਈਚਾਰੇ ਨੂੰ ਦਿੱਤੀ ਗਈ ਵਿਆਪਕ ਸਹਾਇਤਾ 'ਤੇ ਚਾਨਣਾ ਪਾਇਆ ਅਤੇ ਮਹਾਂਮਾਰੀ ਨਾਲ ਨਜਿੱਠਣ ਲਈ ਆਸੀਆਨ ਦੀਆਂ ਪਹਿਲਕਦਮੀਆਂ ਦਾ ਸਵਾਗਤ ਕੀਤਾ। ਪ੍ਰਧਾਨ ਮੰਤਰੀ ਨੇ COVID -19 ਆਸੀਅਨ ਰਿਸਪਾਂਸ ਫੰਡ ਵਿਚ 10 ਲੱਖ ਡਾਲਰ ਦਾ ਯੋਗਦਾਨ ਦੇਣ ਦਾ ਐਲਾਨ ਕੀਤਾ।

ਪ੍ਰਧਾਨ ਮੰਤਰੀ ਨੇ ਆਸੀਅਨ ਅਤੇ ਭਾਰਤ ਦਰਮਿਆਨ ਵਧੇਰੇ ਭੌਤਿਕ ਅਤੇ ਡਿਜੀਟਲ ਸੰਪਰਕ ਦੀ ਮਹੱਤਤਾ ਉੱਤੇ ਵੀ ਜ਼ੋਰ ਦਿੱਤਾ ਅਤੇ ਆਸੀਅਨ ਅੰਦਰ ਸੰਪਰਕ ਨੂੰ ਸੁਖਾਲਾ ਬਣਾਉਣ ਦੇਣ ਲਈ ਭਾਰਤ ਵੱਲੋਂ 1 ਅਰਬ ਡਾਲਰ ਦੇ ਕਰਜ਼ੇ ਦੀ ਪੇਸ਼ਕਸ਼ ਦੁਹਰਾਈ। ਵਪਾਰ ਅਤੇ ਨਿਵੇਸ਼ ਬਾਰੇ ਬੋਲਦੇ ਹੋਏ ਉਨ੍ਹਾਂ ਨੇ COVID ਤੋਂ ਬਾਅਦ ਦੀ ਆਰਥਿਕ ਬਹਾਲੀ ਲਈ  ਸਪਲਾਈ ਚੇਨ ਦੀ ਵੰਨ ਸੁਵੰਨਤਾ ਅਤੇ ਲਚਕੀਲੇਪਨ ਦੀ ਮਹੱਤਤਾ 'ਤੇ ਚਾਨਣਾ ਪਾਇਆ।

ਆਸੀਆਨ ਆਗੂਆਂ ਨੇ ਇਸ ਖਿੱਤੇ ਵਿੱਚ ਸ਼ਾਂਤੀ ਅਤੇ ਸਥਿਰਤਾ ਵਧਾਉਣ ਵਿੱਚ ਭਾਰਤ ਦੇ ਯੋਗਦਾਨ ਨੂੰ ਮੰਨਿਆ ਅਤੇ ਆਸੀਅਨ ਦੀ ਕੇਂਦਰੀ ਭੂਮਿਕਾ ਪ੍ਰਤੀ ਭਾਰਤ ਦੇ ਸਮਰਥਨ ਦਾ ਸਵਾਗਤ ਕੀਤਾ। ਆਗੂਆਂ ਨੇ 2021-2025 ਲਈ ਨਵੀਂ ਆਸੀਆਨ-ਭਾਰਤ ਕਾਰਜ ਯੋਜਨਾ ਨੂੰ ਅੰਗੀਕਾਰ ਕੀਤੇ ਜਾਣ ਦਾ ਸਵਾਗਤ ਕੀਤਾ।

ਇਸ ਮੌਕੇ ਹੋਈ ਗੱਲਬਾਤ ਦੌਰਾਨ ਦੱਖਣੀ ਚੀਨ ਸਾਗਰ ਅਤੇ ਅੱਤਵਾਦ ਸਣੇ ਸਾਂਝੀ ਦਿਲਚਸਪੀ ਅਤੇ ਚਿੰਤਾ ਦੇ ਖੇਤਰੀ ਅਤੇ ਕੌਮਾਂਤਰੀ ਮੁੱਦੇ ਵੀ ਸ਼ਾਮਲ ਸਨ. ਦੋਵਾਂ ਪੱਖਾਂ ਨੇ ਅੰਤਰਰਾਸ਼ਟਰੀ ਕਾਨੂੰਨਾਂ, ਖਾਸ ਕਰਕੇ UNCLOS, ਦੀ ਪਾਲਣਾ ਕਰਨ ਸਮੇਤ ਇਸ ਖੇਤਰ ਵਿਚ ਨਿਯਮ-ਅਧਾਰਤ ਵਿਵਸਥਾ ਨੂੰ ਉਤਸ਼ਾਹਤ ਕਰਨ ਦੀ ਮਹੱਤਤਾ ਬਾਰੇ ਕਿਹਾ। ਆਗੂਆਂ ਨੇ ਦੱਖਣ ਚੀਨ ਸਾਗਰ ਵਿੱਚ ਸ਼ਾਂਤੀ, ਸਥਿਰਤਾ ਅਤੇ ਸੁਰੱਖਿਆ ਨੂੰ ਬਣਾਈ ਰੱਖਣ ਅਤੇ ਇਸ ਨੂੰ ਹੋਰ ਉਤਸ਼ਾਹ ਦੇਣ ਅਤੇ ਨੈਵੀਗੇਸ਼ਨ ਅਤੇ ਓਵਰਫਲਾਈਟ ਦੀ ਆਜ਼ਾਦੀ ਨੂੰ ਯਕੀਨੀ ਬਣਾਉਣ ਦੀ ਮਹੱਤਤਾ ਦੁਹਰਾਈ।

ਨਵੀਂ ਦਿੱਲੀ
12 ਨਵੰਬਰ, 2020

DISCLAIMER: This is an approximate translation. The original is available in English on MEA's website and may be referred to as the official press release.